# ਕੰਮ 'ਤੇ ਸੱਟ?
# ਇੱਥੇ ਕੀ ਕਰਨਾ ਹੈ

## ਮੈਂ ਇਕ ਵਰਕਰ ਹਾਂ ਅਤੇ ਮੇਰੀ ਸੱਟ ਜਾਂ ਬੀਮਾਰੀ ਕੰਮ ਨਾਲ ਸੰਬੰਧਿਤ ਹੈ। ਮੈਂ ਕੀ ਕਰਾਂ?

- ਜੇ ਤੁਹਾਨੂੰ ਮੈਡੀਕਲ ਸੰਭਾਲ ਦੀ ਲੋੜ ਹੈ ਤਾਂ ਕਿਸੇ ਡਾਕਟਰ, ਨਰਸ ਪ੍ਰੈਕਟੀਸ਼ਨਰ, ਫਿਜ਼ੀਓਥੈਰੇਪਿਸਟ ਜਾਂ ਕਾਇਰੋਪ੍ਰੈਕਟਰ ਕੋਲ ਜਾਉ ਅਤੇ ਉਸ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨੂੰ ਦੱਸੋ ਕਿ ਤੁਹਾਡੇ ਸੱਟ ਕੰਮ `ਤੇ ਲੱਗੀ ਹੈ।
- ਜਿੰਨੀ ਛੇਤੀ ਹੋ ਸਕੇ ਉਨੀ ਛੇਤੀ ਸੱਟ ਬਾਰੇ ਆਪਣੇ ਕੰਮ-ਮਾਲਕ ਨੂੰ ਦੱਸੋ।
- ਡਬਲਿਊ ਸੀ ਬੀ ਦੇ ਵੈੱਬਸਾਈਟ wcb.pe.ca `ਤੇ ਜਾਉ ਅਤੇ ਫਾਈਲ ਯੂਅਰ ਕਲੇਮ `ਤੇ ਕਲਿੱਕ ਕਰੋ।. ਕਲੇਮ ਦਾ ਅਮਲ ਸ਼ੁਰੂ ਕਰਨ ਲਈ ਇਹ ਸਭ ਤੋਂ ਤੇਜ਼ ਤਰੀਕਾ ਹੈ।
- ਜਾਂ, ਤੁਸੀਂ ਵਰਕਰ ਦੀ ਰਿਪੋਰਟ ਨੂੰ ਭਰ ਸਕਦੇ ਹੋ ਜੋ WCB ਦੀ ਵੈੱਬਸਾਈਟ 'ਤੇ, WCB ਦਫਤਰ ਜਾਂ ਤੁਹਾਡੇ ਮਾਲਕ ਤੋਂ ਉਪਲਬਧ ਹੈ।
- ਤੁਹਾਨੂੰ ਕੰਮ ਤੋਂ ਛੁੱਟੀ ਲੈਣੀ ਪਵੇ ਜਾਂ ਨਾ, ਵਰਕਰਜ਼ ਰਿਪੋਰਟ ਭਰਨੀ ਜ਼ਰੂਰੀ ਹੈ।

## Iਮੈਂ ਇਕ ਕੰਮ-ਮਾਲਕ ਹਾਂ ਅਤੇ ਮੇਰੇ ਇਕ ਵਰਕਰ ਦੇ ਕੰਮ `ਤੇ ਸੱਟ ਲੱਗੀ ਹੈ ਜਾਂ ਉਸ ਦੀ ਬੀਮਾਰੀ ਕੰਮ ਨਾਲ ਸੰਬੰਧਿਤ ਹੈ। ਮੈਂ ਕੀ ਕਰਾਂ?

- ਜਾਣਕਾਰੀ ਮਿਲਣ ਤੋਂ ਬਾਅਦ ਤਿੰਨ ਦਿਨਾਂ ਦੇ ਵਿੱਚ ਵਿੱਚ wcb.pe.ca `ਤੇ ਡਬਲਿਊ ਸੀ ਬੀ ਦੀ ਆਨਲਾਈਨ ਸਰਵਿਸਜ਼ ਦੀ ਵਰਤੋਂ ਕਰਦਿਆਂ ਡਬਲਿਊ ਸੀ ਬੀ ਨੂੰ ਸੱਟ ਬਾਰੇ ਦੱਸੋ।
- ਜਾਂ, ਤੁਸੀਂ WCB ਦੀ ਵੈੱਬਸਾਈਟ ਜਾਂ WCB ਦਫ਼ਤਰ 'ਤੇ ਉਪਲਬਧ ਰੁਜ਼ਗਾਰਦਾਤਾ ਦੀ ਰਿਪੋਰਟ ਨੂੰ ਭਰ ਸਕਦੇ ਹੋ।
- ਕੰਮ-ਮਾਲਕ ਦੀ ਰਿਪੋਰਟ ਭਰਨੀ ਜ਼ਰੂਰੀ ਹੈ, ਬੇਸ਼ੱਕ ਵਰਕਰ ਨੇ ਕੰਮ ਤੋਂ ਛੁੱਟੀ ਨਾ ਵੀ ਲਈ ਹੋਵੇ।
- ਕੰਮ-ਮਾਲਕ ਦੀ ਰਿਪੋਰਟ ਦੀ ਲੋੜ ਹੈ ਭਾਵੇਂ ਵਰਕਰ ਕਲੇਮ ਕਰਨ ਦੀ ਚੋਣ ਕਰਦਾ ਹੈ ਜਾਂ ਨਹੀਂ।
- ਕਾਨੂੰਨ ਦੀ ਮੰਗ ਅਨੁਸਾਰ, 24 ਘੰਟੇ ਖੁੱਲ੍ਹੀ ਰਹਿਣ ਵਾਲੀ ਆਕੂਪੇਸ਼ਨਲ ਹੈਲਥ ਐਂਡ ਸੇਫਟੀ ਐਮਰਜੰਸੀ ਲਾਈਨ `ਤੇ 902-628-7513 `ਤੇ ਫੋਨ ਕਰਕੇ ਕੰਮ ਨਾਲ ਸੰਬੰਧਿਤ ਸਾਰੀਆਂ ਗੰਭੀਰ ਸੱਟਾਂ ਜਾਂ ਧਮਾਕਿਆਂ ਬਾਰੇ ਇਕਦਮ ਰਿਪੋਰਟ ਕਰੋ।

## ਹੋਰ ਜਾਣਕਾਰੀ ਲਈ

wcb.pe.ca

workerservices@wcb.pe.ca

**902-368-5680 ਜਾਂ ਟੋਲ-ਫ੍ਰੀ 1-800-237-5049**

**14 Weymouth Street, Charlottetown, PE**

Safety Matters @Work
Workers Compensation Board of PEI